ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

## ਜ਼ਿਲ੍ਹੇ 'ਚ ਆਟਾ-ਦਾਲ ਸਕੀਮ ਤਹਿਤ ਅਪ੍ਰੈਲ 2017 ਤੋਂ ਸਤੰਬਰ 2017 ਦੌਰਾਨ 1,46,895 ਪ੍ਰੀਵਾਰਾਂ ਨੂੰ 1,60,892 ਕੁਇੰਟਲ ਕਣਕ ਵੰਡੀ ਜਾਵੇਗੀ-ਡਾ: ਹਰਜੋਤ ਕਮਲ

- **ਜ਼ਿਲ੍ਹੇ ਦੇ 5,56,089 ਮੈਂਬਰ ਲੈ ਰਹੇ ਹਨ ਆਟਾ-ਦਾਲ ਸਕੀਮ ਦਾ ਲਾਭ**
- **ਕਾਂਗਰਸ ਸਰਕਾਰ ਆਟਾ-ਦਾਲ ਸਕੀਮ ਤਹਿਤ ਅਨਾਜ ਲੋੜਵੰਦਾਂ ਤੇ ਸਹੀ ਹੱਥਾਂ ਤੱਕ ਪਹੁੰਚਾਣ ਲਈ ਵਚਨਬੱਧ**
- **ਲਾਭਪਾਤਰੀਆਂ ਨੂੰ ਸਾਲ 'ਚ ਦੋ ਵਾਰ ਛੇ-ਛੇ ਮਹੀਨੇ ਲਈ ਇਕੱਠਾ ਵੰਡਿਆ ਜਾ ਰਿਹਾ ਅਨਾਜ**

ਮੋਗਾ 4 ਅਗਸਤ:

ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਰਾਜ ਦੇ ਹਰੇਕ ਨਾਗਰਿਕ ਨੂੰ ਅਨਾਜ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਚਲਾਈ ਗਈ ਨਵੀਂ ਆਟਾ-ਦਾਲ ਸਕੀਮ ਸਕੀਮ ਤਹਿਤ ਹਰੇਕ ਲੋੜਵੰਦ ਵਿਅਕਤੀ ਤੱਕ ਅਨਾਜ ਪਹੁੰਚਾਣਾ ਯਕੀਨੀ ਬਣਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਹਲਕਾ ਮੋਗਾ ਦੇ ਵਿਧਾਇਕ ਡਾ: ਹਰਜੋਤ ਕਮਲ ਨੇ ਦੱਸਿਆ ਕਿ ਜ਼ਿਲ੍ਹੇ 'ਚ ਆਟਾ-ਦਾਲ ਸਕੀਮ ਤਹਿਤ 5,56,089 ਮੈਂਬਰ ਲਾਭ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ 1 ਅਪ੍ਰੈਲ, 2017 ਤੋਂ 30 ਸਤੰਬਰ, 2017 ਦੌਰਾਨ 1,46,895 ਪ੍ਰੀਵਾਰਾਂ ਨੂੰ 1,60,892.10 ਕੁਇੰਟਲ ਕਣਕ ਦੋ ਰੁਪਏ ਪ੍ਰਤੀ ਕਿਲੋਗ੍ਰਾਮ ਦੀ ਦਰ 'ਤੇ ਵੰਡੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿੱਚ ਨਵੀਂ ਆਟਾ-ਦਾਲ ਸਕੀਮ ਅਧੀਨ 3,159 ਪ੍ਰੀਵਾਰਾਂ ਨੂੰ 35 ਕਿਲੋਗ੍ਰਾਮ ਪ੍ਰਤੀ ਮਹੀਨਾ ਪ੍ਰਤੀ ਪ੍ਰੀਵਾਰ ਕਣਕ ਦੀ ਵੰਡ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 1,43,736 ਤਰਜੀਹੀ ਹਾਊਸ-ਹੋਲਡ ਪ੍ਰੀਵਾਰਾਂ ਨੂੰ 5 ਕਿਲੋਗ੍ਰਾਮ ਪ੍ਰਤੀ ਮੈਂਬਰ ਪ੍ਰਤੀ ਮਹੀਨਾ ਕਣਕ ਦੀ ਵੰਡ ਕੀਤੀ ਜਾਂਦੀ ਹੈ। ਅਤੇ ਇਹ ਅਨਾਜ ਲਾਭਪਾਤਰੀਆਂ ਨੂੰ ਸਾਲ 'ਚ ਦੋ ਵਾਰ ਛੇ-ਛੇ ਮਹੀਨੇ ਲਈ ਇਕੱਠਾ ਵੰਡ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਇਸ ਸਕੀਮ ਤਹਿਤ ਅਨਾਜ ਲੋੜਵੰਦਾਂ ਤੇ ਸਹੀ ਹੱਥਾਂ ਤੱਕ ਪਹੁੰਚਾਣ ਲਈ ਵਚਨਬੱਧ ਹੈ।

ਇਸ ਸਬੰਧੀ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਮੈਡਮ ਰਜਨੀਸ਼ ਕੁਮਾਰੀ ਨੇ ਦੱਸਿਆ ਕਿ ਜਿੰਨ੍ਹਾਂ ਗਰੀਬ ਪ੍ਰੀਵਾਰਾਂ ਦੀ 60 ਹਜਾਰ ਰੁਪਏ ਤੋਂ ਸਲਾਨਾ ਆਮਦਨ ਘੱਟ ਹੈ ਕੇਵਲ ਉਹ ਪ੍ਰੀਵਾਰ ਹੀ ਇਸ ਸਕੀਮ ਦੇ ਦਾਇਰੇ 'ਚ ਆਉਂਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਟਾ-ਦਾਲ ਸਕੀਮ ਦੇ ਕਾਰਡਾਂ ਦੀ ਮੁੜ-ਪੜਤਾਲ ਦਾ ਕੰਮ ਚੱਲ ਰਿਹਾ ਹੈ ਅਤੇ ਯੋਗ ਲਾਭਪਾਤਰੀਆਂ ਨੂੰ ਹੀ ਇਸ ਸਕੀਮ ਦਾ ਲਾਭ ਮਿਲੇਗਾ।

-----------------------------

ਨੰ: ਪੀ.ਆਰ(ਪ੍ਰੈ ਰੀ)2017/420

